ਸਭ ਹੱਕ ਰਾਖਵੇਂ ਹਨ ।

ਮਿਠਾ ਬੋਲਹਿ ਨਿਵ ਚਲਹਿ ਸੇਜੈ ਰਵਹਿ ਭਤਾਰੁ ।
ਸੋਭਾ ਵੰਤੀ ਸੋਹਾਗਣੀ ਜਿਨ ਗੁਰ ਕਾ ਹੇਤ ਅਪਾਰੁ ॥

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰਬ੍ਰ ੧੩੧

# ਸੁਖਦੇਵ ਕੌਰ

ਜਿਸ ਵਿਚ

ਇੱਕ ਵਿਗੜੇ ਹੋਏ ਨਾਸਤਕ ਅਮੀਰ ਪਤੀ ਦਾ ਸੁਧਾਰ ਕੇਵਲ ਉਸਦੀ ਸੁਯੋਗ ਸਤਵੰਤੀ ਇਸਤ੍ਰੀ ਦੇ ਉੱਦਮ ਤੇ ਸਹਨ ਸ਼ੀਲਤਾ ਸਤਿਸੰਗ ਦੇ ਪ੍ਰਭਾਵ ਅਰ ਅਯੋਗ ਸੁਤੰਤ੍ਰਤਾ ਦੇ ਕਸ਼ਟ ਸਵਾਦਲੀ ਵਾਰਤਾ ਵਿਚ ਦੱਸੇ ਹਨ।

ਲੇਖਕ
ਭਾਈ ਮੋਹਨ ਸਿੰਘ ਵੈਦ
ਮਿਉਨਿਸਿਪਲ ਕਮਿਸ਼ਨਰ
ਤਰਨਤਾਰਨ (ਪੰਜਾਬ)

LAHORE LIBRARY

ਪ੍ਰਕਾਸ਼ਕ
ਭਾਈ ਲਾਭ ਸਿੰਘ ਐਂਡ ਸਨਜ਼
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

ਪਹਿਲੀ ਵਾਰ ਭੇਟਾ ੧।) ਸਵਾ ਦਮੜਾ, ਮੁਜਿਲਦ ੧॥)

੧ ਓ ਸ੍ਰੀਵਾਹਿਗੁਰੂ ਜੀ ਕੀ ਫਤਹ ॥

# ਮੁੱਢ ਦੀ ਬੇਨਤੀ !

ਅੱਜਕਲ ਨਵੀਂ ਰੋਸ਼ਨੀ ਦਾ ਜ਼ਮਾਨਾ ਹੈ, ਇਸ ਵਾਸਤੇ ਹਰਇੱਕ ਕੰਮ ਵਿੱਚ ਉਸਦੀ ਝਲਕ ਨਜ਼ਰ ਆਰਹੀ ਹੈ। ਕੀਹ ਖਾਣ ਵਿੱਚ, ਕੀਹ ਪੀਣ ਵਿੱਚ, ਕੀਹ ਰਹਿਣ ਸਹਿਣ ਅਤੇ ਕੀਹ ਬੋਲਚਾਲ ਵਿੱਚ। ਮਤਲਬ ਕੀਹ ਹਰੇਕ ਕੰਮ ਵਿੱਚ ਹੀ ਦਿਨੋਂਦਿਨ ਨਵੀ-ਨਤਾ ਹੁੰਦੀ ਜਾਂਦੀ ਹੈ। ਇਸ ਦਾ ਕਾਰਣ ਸੰਸਾਰ ਚੱਕ੍ਰ ਦੀ ਗਤੀ ਹੈ। ਸਮਾਂ ਖਿਣ ਖਿਣ ਵਿੱਚ ਬਦਲਦਾ ਜਾਰਿਹਾਹੈ, ਸਮੇਂ ਦੇ ਹੇਰ ਫੇਰ ਵਿੱਚ ਪਏ ਹੋਏ ਸਾਡੇ ਦੇਸੀ ਭਰਾਵਾਂ ਦੀ ਭੀ ਇੱਕ ਵਚਿਤ੍ਰ ਗਤੀ ਹੁੰਦੀ ਜਾਂਦੀ ਹੈ !

ਪਸਚਮੀ ਰੋਸ਼ਨੀ ਨਾਲ ਸਾਡੇ ਅਨੇਕ ਸ੍ਵਦੇਸ਼ੀ ਭਰਾ ਚੁੰਧਿਆਏ ਜਾ ਰਹੇ ਹਨ, ਕਿਉਂਕਿ ਉਸ ਰੋਸ਼ਨੀ ਵਿਚ ਜਿੱਥੇ ਅਨੇਕਾਂ ਗੁਣ ਹਨ ਉੱਥੇ ਦੇਸ ਚਾਲ ਸਮੇਂ ਦੇ ਫੇਰ ਨਾਲ ਅਨੇਕਾਂ ਔਗੁਣ ਭੀ ਹਨ । ਇਸਤਰਾਂ ਜੋ ਇਕ ਨਾ ਵਾਸਤੇ ਗੁਣ ਪ੍ਰਤੀਤ ਹੁੰਦੇ ਹਨ ਦੂਜਿਆਂ ਵਾਸਤੇ ਦੁੱਖਦਾਈ ਔਗੁਣ ਹੋ ਸਕਦੇ ਹਨ ! ਪਰ ਆਪਣੇ ਧਰਮ ਕਰਮ ਤੋਂ ਅਗਜਾਤ ਸਾਡੇ ਬੇਅੰਤ ਭਰਾਵਾਂ ਦੀਆਂ ਅੱਖਾਂ ਚੁੰਧਿਆਈਆਂ ਜਾਣ ਕਰਕੇ ਉਨ੍ਹਾਂ ਨੂੰ ਟੱਕਰ ਖਾਧੇ ਬਿਨਾਂ ਗੁਣ ਔਗੁਣ ਦਾ ਫਰਕ ਪ੍ਰਤੀਤ ਹੋਣੋਂ ਹੀ ਰਹਿਗਿਆ ਹੈ! ਇਹੋ ਕਾਰਣ ਹੈ ਕਿ ਸਾਡੇ ਸ੍ਵਦੇਸੀ ਭਰਾ ਜਿੱਥੇ ਕਿਸੇ ਗੁਣ ਨੂੰ ਵੇਖਦੇ ਹਨ ਤਦ ਨਾਲ ਹੀ ਬੇਅੰਤ ਔਗੁਣ ਝੋਲੀ ਪਾ ਲੈਂਦੇ ਹਨ ! ਵਰਤਮਾਨ ਸਿਖ੍ਯਾ ਦੀ ਬਰਕਤ ਭੀ ਅੰਤ ਦੀ ਨਾਸਤਕਤਾ ਦਾ ਪ੍ਰਭਾਵ ਵਧ ਰਿਹਾ ਹੈ ਤੇ

ਮਿੱਠਤ, ਨਿੰਮ੍ਰਤਾ, ਵਡਿਆਂ ਦਾ ਸਤਕਾਰ, ਪ੍ਰੇਮ ਦੀ ਵਰਤੋਂ, ਸੱਚ ਸੁੱਚ ਭੀ ਲੋਪ ਹੋਰਹੇ ਹਨ! ਅਜੇਹੇ ਸਿਖ੍ਯਾ ਵਾਨ ਇਸ ਨਵੀਂ ਰੋਸ਼ਨੀ ਨਾਲ ਚੁੰਧਿਆਏ ਦੁਰਗੁਣਾਂ ਨੂੰ ਗੁਣ ਸਮਝਕੇ ਆਪਣੇ ਆਪ ਦੇਸ, ਕੌਮ, ਕੁਲ ਦੀ ਮ੍ਰਿਯਾਦਾ ਤੋਂ ਬੇਪ੍ਰਵਾਹ ਹੋਗਏ ਇਕ ਸੱਜਨ ਦੀ ਦਸ਼ਾ ਹੀ ਸਵਾਦਲੀ ਵਾਰਤਾ ਦੇ ਢੰਗ ਤੇ ਇਸ ਪੁਸਤਕ ਵਿੱਚ ਦੱਸੀ ਹੈ! ਕਿਸਤਰਾਂ ਉਸ ਨੇ ਦੁਰਗੁਣਾਂ ਨੂੰ ਗੁਣ ਸਮਝਣ ਦੇ ਭੁਲਵੇਂ ਵਿਚ ਫਸਕੇ ਠੋਕਰਾਂ ਖਾਧੀਆਂ, ਤਨ, ਮਨ, ਧਨ ਦਾ ਨਾਸ਼ ਕੀਤਾ ਤੇ ਬੁਰੀਤਰਾਂ ਬਰਬਾਦ ਹੋਇਆ? ਛੇਕੜ ਕਿਸਤਰਾਂ ਪਤਿਬ੍ਰਤਾ ਸੁਸ਼ੀਲ ਇਸਤ੍ਰੀ ਦੀ ਬਰਕਤ ਉਸ ਦਾ ਸੁਧਾਰ ਹੋਇਆ ਤੇ ਕਿਵੇਂ ਉਸ ਨੇ ਆਪਣੀਆਂ ਭੁੱਲਾਂ ਨੂੰ ਦੂਰ ਕਰਕੇ ਫੇਰ ਸੱਚਾ ਸੁਖ ਪ੍ਰਾਪਤਿ ਕੀਤਾ? ਇਸ ਦਾ ਦ੍ਰਿਸ਼ਯ ਸਿਖ੍ਯਾ ਭਰੇ ਢੰਗ ਨਾਲ ਦਸਿਆ ਗਿਆ ਹੈ। ਆਸ ਹੈ ਇਸ ਵਾਰਤਾ ਤੋਂ ਸਾਡੇ ਨੌਜਵਾਨ ਭਰਾ ਚੰਗੀ ਸਿਖ੍ਯਾ ਪ੍ਰਾਪਤਿ ਕਰਨਗੇ ਤੇ ਪੰਜਾਬੀ ਭਾਸ਼ਾ ਦੇ ਹਿਤੂ ਅਜੇਹੀਆਂ ਪੁਸਤਕਾਂ ਦੇ ਪ੍ਰਚਾਰ ਵਿਚ ਸਹਾਈ ਹੋਵਨਗੇ। ਜੇ ਕਿਸੇ ਇਕ ਭੀ "ਵਿਗੜੇ ਦਾ ਸੁਧਾਰ" ਇਸ ਪੁਸਤਕ ਨਾਲ ਹੋਯਾ ਤਦ ਦਾਸ ਆਪਣੀ ਮੇਹਨਤ ਸਫਲ ਸਮਝੇਗਾ। ਇਸ ਦੇ ਪਹਿਲੀ ਵਾਰ ਪ੍ਰਕਾਸ਼ਤ ਕਰਨ ਦਾ ਅਧਿਕਾਰ ਭਾਈ ਲਾਭ ਸਿੰਘ ਜੀ ਪੁਸਤਕਾਂ ਵਾਲੇ ਸ੍ਰੀ ਅੰਮ੍ਰਿਤਸਰ ਜੀ ਜੋਗ ਦਿੰਦਾ ਹਾਂ।

**ਦਾਸ—ਮੋਹਨ ਸਿੰਘ ਵੈਦ**
ਮਾਲਕ ਤੇ ਪ੍ਰਬੰਧਕ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ
ਤਰਨ ਤਾਰਨ (ਪੰਜਾਬ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਸੁਖਦੇਵ ਕੌਰ

## ੧—ਪਹਿਲਾ ਪ੍ਰਕਰਣ

ਰਾਵਲ ਪਿੰਡੀ ਪੰਜਾਬ ਦਾ ਇਕ ਪ੍ਰਸਿੱਧ ਸ਼ਹਿਰ ਹੈ, ਭਾਈ ਗੁਰਮੁਖ ਦਾਸ ਜੀ ਉਥੋਂ ਦੇ ਨਿਵਾਸੀ ਸਨ ਅਤੇ ਇਕ ਪ੍ਰਸਿੱਧ ਖਾਨਦਾਨ ਵਿਚੋਂ ਸਨ। ਇਨ੍ਹਾਂ ਦਾ ਸਾਰੇ ਦਾ ਸਾਰਾ ਖਾਨਦਾਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ ਅਤੇ ਆਪਣੇਆਪਨੂੰ ਉਹ ਸਹਿਜਧਾਰੀ ਸਿੱਖ ਕਰਕੇ ਹੀ ਹਮੇਸ਼ਾ ਪ੍ਰਸਿੱਧ ਕਰਦੇ ਸਨ। ਉਨ੍ਹਾਂ ਦਾ ਇਹ ਨਿੱਤ ਦਾ ਨਿਯਮ ਸੀ ਕਿ ਸਵੇਰੇ ਅੰਮ੍ਰਿਤ ਵੇਲੇ ਉੱਠਕੇ ਸੁਚੇਤੇ ਪਾਣੀ ਜਾਣਾ ਅਤੇ ਫੇਰ ਦਾਤਣ ਕਰਨਾ ਕਰ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਭੀ ਕਰਦੇ ਜਾਣਾ ਅਤੇ ਕਪੜੇ ਪਹਿਰਕੇ ਝਟ ਧਰਮਸਾਲਾ ਵਿੱਚ ਆਸਾ ਦੀ ਵਾਰ ਦੀ ਚੌਕੀ ਵਿੱਚ ਜਾ ਹਾਜ਼ਰ ਹੋਣਾ। ਮੱਥਾ ਟੇਕਕੇ ਇਕ ਪਾਸੇ ਬੈਠ ਜਾਣਾ ਅਤੇ ਪ੍ਰੇਮ ਨਾਲ ਕੀਰਤਨ ਸੁਣਦੇ ਰਹਿਣਾ। ਜਦ ਵਾਰ ਦੀ ਸਮਾਪਤੀ ਹੋਣੀ ਤਾਂ ਉੱਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਅਤੇ ਫੇਰ ਘਰ ਜਾਕੇ ਖਾਣਾ ਪੀਣਾ ਅਤੇ ਕਾਰ ਵਿਹਾਰ ਕਰਨਾ। ਜੇਕਰ ਕਾਰਨ ਵੱਸ ਕਿਧਰੇ ਬਾਹਰ ਭੀ ਜਾਣਾ ਪਵੇ ਤਾਂ ਉਥੇ ਭੀ ਸਵੇਰੇ ਉੱਠਣਾ ਅਤੇ ਉਸੇਤਰਾਂ ਇਸ਼ਨਾਨ ਕਰਕੇ ਆਪ ਹੀ ਮੂੰਹ ਜ਼ਬਾਨੀ ਜਪੁਜੀ ਸਾਹਿਬ ਅਤੇ ਆਸਾ ਦੀ ਵਾਰ ਦਾ ਪਾਠ ਕਰ ਲੈਣਾ ਅਤੇ ਗੁਰੂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.